## ਖੁਰਕ

### ਇਸ ਕਿਤਾਬਚੇ ਦੇ ਟੀਚੇ ਕੀ ਹਨ?

ਇਸ ਕਿਤਾਬਚੇ ਨੂੰ ਤੁਹਾਨੂੰ ਖੁਰਕ ਬਾਰੇ ਵਧੇਰੇ ਸਮਝ ਹਾਸਲ ਕਰਨ ਵਿੱਚ ਮਦਦ ਕਰਨ ਲਈ ਲਿਖਿਆ ਗਿਆ ਹੈ। ਇਹ ਤੁਹਾਨੂੰ ਦੱਸੇਗਾ ਕਿ ਇਹ ਕੀ ਹੈ, ਕਿਹੜੀ ਚੀਜ਼ ਇਸਦਾ ਕਾਰਨ ਬਣਦੀ ਹੈ ਅਤੇ ਇਸਦੇ ਸਬੰਧ ਵਿੱਚ ਕੀ ਕੀਤਾ ਜਾ ਸਕਦਾ ਹੈ ਅਤੇ ਇਸ ਬਾਰੇ ਵਧੇਰੇ ਜਾਣਕਾਰੀ ਤੁਸੀਂ ਕਿੱਥੋਂ ਪ੍ਰਾਪਤ ਕਰ ਸਕਦੇ ਹੋ।

### ਖੁਰਕ (scabies) ਕੀ ਹੈ?

ਖੁਰਕ ਇੱਕ ਆਮ ਅਤੇ ਬੇਹੱਦ ਜਲੂਣਕਾਰੀ ਚਮੜੀ ਦੀ ਅਵਸਥਾ ਹੈ ਜਿਸਦਾ ਕਾਰਨ ਮਨੁੱਖੀ ਖੁਰਕ ਕੀਟ ਹੁੰਦੇ ਹਨ। ਇਹ ਕਿਸੇ ਵੀ ਉਮਰ ਦੇ ਲੋਕਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ ਪਰ ਇਹ ਜਵਾਨ ਅਤੇ ਬਜ਼ੁਰਗ ਲੋਕਾਂ ਵਿੱਚ ਆਮ ਹੁੰਦੀ ਹੈ।

### ਕਿਹੜੀ ਚੀਜ਼ ਖੁਰਕ ਦਾ ਕਾਰਨ ਬਣਦੀ ਹੈ?

ਉਹ ਕੀਟ ਜੋ ਖੁਰਕ ਦਾ ਕਾਰਨ ਬਣਦੇ ਹਨ, ਬਹੁਤ ਹੀ ਸੂਖਮ ਪਰਜੀਵੀ ਹੁੰਦੇ ਹਨ ਜੋ ਸੂਈ ਪਿੰਨ ਦੇ ਸਿਰੇ ਤੋਂ ਵੀ ਛੋਟੇ ਹੁੰਦੇ ਹਨ। ਇਹ ਅਕਸਰ ਪਹਿਲਾਂ ਤੋਂ ਹੀ ਖੁਰਕ ਦੇ ਸ਼ਿਕਾਰ ਕਿਸੇ ਵਿਅਕਤੀ ਦੀ ਚਮੜੀ ਨਾਲ ਚਮੜੀ ਦੇ ਸਿੱਧੇ ਸੰਪਰਕ ਤੋਂ ਆਉਂਦੇ ਹਨ ਅਤੇ ਕੇਵਲ ਬਹੁਤ ਦੁਰਲੱਭ ਮੌਕਿਆਂ 'ਤੇ ਹੀ ਕੱਪੜਿਆਂ ਜਾਂ ਬਿਸਤਰਿਆਂ ਵਰਗੀਆਂ ਚੀਜ਼ਾਂ ਤੋਂ ਆਉਂਦੇ ਹਨ। ਪਾਲਤੂ ਜਾਨਵਰ ਇਹਨਾਂ ਨੂੰ ਨਹੀਂ ਫੈਲਾਉਂਦੇ। ਖੁਰਕ ਵਾਲੇ ਲੋਕਾਂ ਦੀ ਚਮੜੀ 'ਤੇ ਔਸਤਨ ਲੱਗਭਗ ਇੱਕ ਦਰਜਨ ਦੇ ਕਰੀਬ ਬਾਲਗ ਕੀਟ ਹੁੰਦੇ ਹਨ; ਕੁਝ ਕੁ ਲੋਕਾਂ 'ਤੇ ਬਹੁਤ ਜ਼ਿਆਦਾ ਵੀ ਹੁੰਦੇ ਹਨ। ਗੰਦੇ ਹੋਣਾ ਖੁਰਕ ਦਾ ਕਾਰਨ ਨਹੀਂ ਬਣਦਾ। ਬਹੁਤ ਦੁਰਲੱਭ ਮੌਕਿਆਂ 'ਤੇ, ਖੁਰਕ ਦੀ ਇੱਕ ਹੋਰ ਕਿਸਮ ਜਿਸਨੂੰ ਪੇਪੜੀਦਾਰ ਖੁਰਕ ਕਹਿੰਦੇ ਹਨ ਉਹਨਾਂ ਮਰੀਜ਼ਾਂ ਵਿੱਚ

4 Fitzroy Square, London W1T 5HQ
Tel: 020 7383 0266   Fax: 020 7388 5263   e-mail: admin@bad.org.uk
Registered Charity No. 258474

ਵਾਪਰ ਸਕਦੀ ਹੈ ਜਿੰਨ੍ਹਾਂ ਦੀ ਪ੍ਰਤੀਰੋਧੀ ਪ੍ਰਣਾਲੀ ਨਾਕਾਫੀ ਹੁੰਦੀ ਹੈ ਜਾਂ ਜੋ ਬਜ਼ੁਰਗ ਅਤੇ ਬਿਮਾਰ ਹੁੰਦੇ ਹਨ। ਇਸ ਕਿਸਮ ਵਿੱਚ ਖੁਰਕ ਵਾਲੇ ਹਜ਼ਾਰਾਂ ਹੀ ਕੀਟ ਚਮੜੀ 'ਤੇ ਹੁੰਦੇ ਹਨ ਅਤੇ ਇਹ ਬੇਹੱਦ ਛੂਤ ਵਾਲੀ ਬਿਮਾਰੀ ਹੈ।

**ਕੀ ਖੁਰਕ ਆਣੁਵਾਂਸ਼ਿਕ ਬਿਮਾਰੀ ਹੈ?**

ਨਹੀਂ, ਪਰ ਇੱਕੋ ਸਮੇਂ 'ਤੇ ਇੱਕੋ ਪਰਿਵਾਰ ਦੇ ਕਈ ਮੈਂਬਰਾਂ ਨੂੰ ਇਸਦਾ ਹੋਣਾ ਆਮ ਗੱਲ ਹੈ।

**ਖੁਰਕ ਦੇ ਲੱਛਣ ਕੀ ਹੁੰਦੇ ਹਨ?**

ਖੁਰਕ ਦਾ ਮੁੱਖ ਲੱਛਣ ਜਲੂਣ ਹੋਣਾ ਹੈ, ਜੋ ਅਕਸਰ ਕੀਟਾਂ ਦੇ ਚਮੜੀ 'ਤੇ ਆ ਜਾਣ ਦੇ ਲੱਗਭਗ ਇੱਕ ਮਹੀਨੇ ਬਾਅਦ ਸ਼ੁਰੂ ਹੁੰਦੀ ਹੈ। ਜਲੂਣ ਸਰੀਰ ਅਤੇ ਹੱਥਾਂ ਪੈਰਾਂ ਨੂੰ ਪ੍ਰਭਾਵਿਤ ਕਰਦੀ ਹੈ ਪਰ ਛੋਟੇ ਬਾਲਾਂ ਨੂੰ ਛੱਡਕੇ ਇਹ ਆਮ ਤੌਰ 'ਤੇ ਸਿਰ ਅਤੇ ਗਰਦਨ ਨੂੰ ਛੱਡ ਦਿੰਦੀ ਹੈ। ਜਲੂਣ ਰਾਤ ਸਮੇਂ ਬਿਸਤਰ ਵਿੱਚ ਅਕਸਰ ਹੋਰ ਵੀ ਬਦਤਰ ਹੋ ਜਾਂਦੀ ਹੈ। ਇੱਕੋ ਪਰਿਵਾਰ ਦੇ ਕਈ ਸਾਰੇ ਲੋਕਾਂ, ਅਤੇ ਉਹਨਾਂ ਦੇ ਦੋਸਤਾਂ ਨੂੰ ਲੱਗਭਗ ਇੱਕੋ ਸਮੇਂ ਜਲੂਣ ਹੋਣੀ ਸ਼ੁਰੂ ਹੋਣਾ ਆਮ ਗੱਲ ਹੈ।

**ਖੁਰਕ ਕਿਸ ਤਰ੍ਹਾਂ ਦਿਸਦੀ ਹੈ?**

ਖੁਰਕ ਦੀਆਂ ਰਕਤ-ਪਿੱਤੀਆਂ ਖੁਰਚਣ ਦੇ ਨਿਸ਼ਾਨਾਂ ਅਤੇ ਲਾਲ ਪੇਪੜੀਦਾਰ ਖੇਤਰਾਂ ਦਾ ਮਿਸ਼ਰਣ ਹੁੰਦੀਆਂ ਹਨ; ਬਾਅਦ ਵਿੱਚ ਇਹਨਾਂ ਨੂੰ ਲਾਗ ਲੱਗ ਸਕਦੀ ਹੈ ਅਤੇ ਇਹਨਾਂ ਵਿੱਚ ਛੋਟੇ ਛੋਟੇ ਪਾਕ ਭਰੇ ਧੱਬੇ ਹੋ ਸਕਦੇ ਹਨ। ਇੱਕ ਵਿਆਪਕ ਰਕਤ ਪਿੱਤੀ ਜੋ ਖਾਜ (ਚੰਮ ਰੋਗ) ਵਰਗੀ ਹੀ ਹੁੰਦੀ ਹੈ, ਬੇਹੱਦ ਆਮ ਹੈ। ਇਹ ਜਲੂਣਕਾਰੀ ਰਕਤ-ਪਿੱਤੀ ਚਮੜੀ ਦੇ ਕਾਫੀ ਸਾਰੇ ਖੇਤਰ ਨੂੰ ਕਵਰ ਕਰਦੀ ਹੈ ਪਰ ਕੀਟ ਮੁੱਖ ਤੌਰ 'ਤੇ ਉਂਗਲਾਂ ਦੇ ਪੋਟਿਆਂ ਅਤੇ ਹੱਥਾਂ ਦੀਆਂ ਹਥੇਲੀਆਂ, ਗੁੱਟਾਂ, ਗਿੱਟਿਆਂ ਅਤੇ ਪੈਰਾਂ ਦੇ ਤਲਿਆਂ 'ਤੇ ਪਾਏ ਜਾਂਦੇ ਹਨ। ਖੁਰਕ ਵਾਲੇ ਕੀਟ ਆਪਣੇ ਆਂਡੇ ਦੇਣ ਵਾਸਤੇ ਇਹਨਾਂ ਖੇਤਰਾਂ ਦੀ ਚਮੜੀ ਵਿੱਚ ਖੁੱਡਾਂ ਬਣਾ ਲੈਂਦੇ ਹਨ। ਇਹ ਖੁੱਡਾਂ ਛੋਟੀਆਂ ਹਰੀਆਂ ਲਾਈਨਾਂ ਵਜੋਂ ਚਮੜੀ 'ਤੇ ਨਜ਼ਰ ਆਉਂਦੀਆਂ ਹਨ। ਬਾਲਗ ਕੀਟ ਛੋਟੇ ਛੋਟੇ ਹੁੰਦੇ ਹਨ ਅਤੇ ਕੇਵਲ 0.4 ਮਿ.ਮੀ. ਲੰਬੇ ਹੁੰਦੇ ਹਨ ਜੋ ਕਿਸੇ ਲੈਂਜ਼ ਰਾਹੀਂ ਇੱਕ ਸੂਖਮ ਕਾਲੇ ਬਿੰਦੂ ਵਜੋਂ ਨਜ਼ਰ ਆਉਂਦੇ ਹਨ ਜੋ ਖੁੱਡ ਦੇ ਸਿਰੇ 'ਤੇ ਬੈਠਾ ਹੁੰਦਾ ਹੈ। ਪੇਪੜੀਦਾਰ ਖੁਰਕ ਵਿੱਚ ਰਕਤ-ਪਿੱਤੀ ਚੰਬਲ ਵਾਂਗ ਲੱਗ ਸਕਦੀ ਹੈ ਅਤੇ ਹੋ ਸਕਦਾ ਹੈ ਇਹ ਤੀਬਰ ਜਲੂਣ ਦਾ ਕਾਰਨ ਨਾ ਬਣੇ।

4 Fitzroy Square, London W1T 5HQ
Tel: 020 7383 0266   Fax: 020 7388 5263   e-mail: admin@bad.org.uk
Registered Charity No. 258474

**ਖੁਰਕ ਦਾ ਪਤਾ ਕਿਵੇਂ ਲਾਇਆ ਜਾਂਦਾ ਹੈ?**

ਆਮ ਤੌਰ 'ਤੇ ਤੁਹਾਡਾ ਡਾਕਟਰ ਤੁਹਾਡੀ ਕਹਾਣੀ ਦੇ ਆਧਾਰ 'ਤੇ ਅਤੇ ਰਕਤ ਪਿੱਤੀ ਦੀ ਜਾਂਚ ਕਰਕੇ ਖੁਰਕ ਦਾ ਪਤਾ ਲਾਉਣ ਦੇ ਯੋਗ ਹੋਵੇਗਾ। ਕਿਸੇ ਖੁੱਡ ਨੂੰ ਖੁਰਚਕੇ ਇਕੱਤਰ ਕੀਤੇ ਨਮੂਨਿਆਂ ਨੂੰ ਕੀਟਾਂ ਅਤੇ ਉਹਨਾਂ ਦੇ ਆਂਡਿਆਂ ਵਾਸਤੇ ਸੂਖਮਦਰਸ਼ੀ ਹੇਠਾਂ ਦੇਖਿਆ ਜਾ ਸਕਦਾ ਹੈ।

**ਕੀ ਖੁਰਕ ਦਾ ਪੱਕਾ ਇਲਾਜ ਕੀਤਾ ਜਾ ਸਕਦਾ ਹੈ?**

ਜੇ ਇਸਦਾ ਇਲਾਜ ਨਾ ਕੀਤਾ ਜਾਵੇ ਤਾਂ ਖੁਰਕ ਮਹੀਨਿਆਂ ਜਾਂ ਕਈ ਸਾਲਾਂ ਤੱਕ ਚੱਲ ਸਕਦੀ ਹੈ; ਪਰ ਸਹੀ ਇਲਾਜ ਨਾਲ ਇਹ ਛੇਤੀ ਅਤੇ ਪੂਰੀ ਤਰ੍ਹਾਂ ਨਾਲ ਖਤਮ ਹੋ ਜਾਂਦੀ ਹੈ। ਇਲਾਜ ਨਾਲ ਕੀਟਾਂ ਦੇ ਮਾਰੇ ਜਾਣ ਦੇ ਬਾਅਦ ਵੀ ਜਲੂਣ ਆਮ ਤੌਰ 'ਤੇ ਕਈ ਹਫਤਿਆਂ ਤੱਕ ਰਹਿੰਦੀ ਹੈ।

**ਖੁਰਕ ਦਾ ਇਲਾਜ ਕਿਸ ਤਰ੍ਹਾਂ ਕੀਤਾ ਜਾਣਾ ਚਾਹੀਦਾ ਹੈ?**

ਖੁਰਕ ਦੇ ਇਲਾਜ ਵਿੱਚ ਇਹ ਕੁਝ ਸ਼ਾਮਲ ਹੈ:

1. ਤੁਹਾਡੀ ਆਪਣੀ ਖੁਰਕ ਤੋਂ ਛੁਟਕਾਰਾ ਪਾਉਣਾ।
2. ਇਹ ਯਕੀਨੀ ਬਣਾਉਣਾ ਕਿ ਤੁਸੀਂ ਅਤੇ ਹੋਰ ਸੰਪਰਕਾਂ ਨੂੰ ਇਹ ਦੁਬਾਰਾ ਨਾ ਹੋ ਜਾਵੇ। ਇਸਦਾ ਮਤਲਬ ਇਹ ਹੈ ਕਿ ਸਾਰੇ ਪਰਿਵਾਰਕ ਮੈਂਬਰਾਂ ਅਤੇ ਜਿਣਸੀ ਸੰਪਰਕਾਂ ਦਾ ਲਾਜ਼ਮੀ ਤੌਰ 'ਤੇ ਇੱਕੋ ਸਮੇਂ 'ਤੇ ਇਲਾਜ ਕੀਤਾ ਜਾਣਾ ਚਾਹੀਦਾ ਹੈ ਚਾਹੇ ਉਹਨਾਂ ਨੂੰ ਜਲੂਣ ਹੁੰਦੀ ਹੋਵੇ ਜਾਂ ਨਾ।

ਖੁਰਕ ਦੇ ਇਲਾਜ ਵਿੱਚ ਬਹੁਤ ਸਾਰੇ ਫਾਰਮੂਲੇ ਅਸਰਦਾਰ ਹਨ। ਇਹਨਾਂ ਵਿੱਚੋਂ, ਪਰਮੀਥਰੀਨ ਅਤੇ ਮੈਲਾਥੀਓਨ ਉਹ ਹਨ ਜਿੰਨ੍ਹਾਂ ਦੀ ਵਰਤੋਂ ਯੂਕੇ ਵਿੱਚ ਸਭ ਤੋਂ ਵੱਧ ਆਮ ਕੀਤੀ ਜਾਂਦੀ ਹੈ। ਇਹ ਜਾਂਚ ਕਰਨ ਦੇ ਕਾਬਲ ਗੱਲ ਹੈ ਕਿ ਤੁਹਾਨੂੰ ਦਿੱਤਾ ਗਿਆ ਫਾਰਮੂਲਾ ਉਹ ਹੋਵੇ ਜੋ ਖੁਰਕ ਵਿੱਚ ਵਰਤਣ ਵਾਸਤੇ ਵਿਉਂਤਿਆ ਗਿਆ ਹੈ, ਕਿਉਂਕਿ ਦੋਨੋਂ ਏਜੰਟ ਕਈ ਰੂਪਾਂ ਵਿੱਚ ਉਪਲਬਧ ਹਨ, ਜਿੰਨ੍ਹਾਂ ਵਿੱਚੋਂ ਕੁਝ ਕੁ ਰੂਪ ਸਿਰਫ ਸਿਰ ਦੀਆਂ ਜੂੰਆਂ ਵਾਸਤੇ ਲਾਭਦਾਇਕ ਹਨ। ਹੋ ਸਕਦਾ ਹੈ ਤੁਹਾਡਾ ਡਾਕਟਰ ਗਰਭਵਤੀ ਜਾਂ ਛਾਤੀਆਂ ਦਾ ਦੁੱਧ ਪਿਲਾਉਣ ਵਾਲੀਆਂ ਔਰਤਾਂ ਜਾਂ ਛੋਟੇ ਬਾਲਾਂ ਵਾਸਤੇ ਵਿਭਿੰਨ ਫਾਰਮੂਲਿਆਂ ਦਾ ਸੁਝਾਅ ਦੇਵੇ।

4 Fitzroy Square, London W1T 5HQ
Tel: 020 7383 0266 Fax: 020 7388 5263 e-mail: admin@bad.org.uk
Registered Charity No. 258474

ਤੁਹਾਡੇ ਇਲਾਜ ਨਾਲ ਜਾਰੀ ਕੀਤੀਆਂ ਹਦਾਇਤਾਂ ਦੀ ਵਿਸਤਾਰ ਵਿੱਚ ਪਾਲਣਾ ਕਰੋ; ਇਹ ਨਿਮਨਲਿਖਤ ਸਿਧਾਂਤਾਂ 'ਤੇ ਆਧਾਰਿਤ ਹੋਣਗੀਆਂ:

- ਕੀਟ ਚਮੜੀ 'ਤੇ ਕਿਤੇ ਵੀ ਹੋ ਸਕਦੇ ਹਨ, ਇਸ ਕਰਕੇ ਇਲਾਜ ਨੂੰ ਲਾਜ਼ਮੀ ਤੌਰ 'ਤੇ ਬਾਲਗਾਂ ਵਿੱਚ ਗਰਦਨ ਦੇ ਹੇਠਾਂ ਸਾਰੇ ਖੇਤਰਾਂ 'ਤੇ (ਅਤੇ ਬੱਚਿਆਂ ਵਿੱਚ ਖੋਪੜੀ 'ਤੇ ਵੀ) ਲਗਾਉਣਾ ਚਾਹੀਦਾ ਹੈ ਨਾ ਕਿ ਕੇਵਲ ਜਲੂਣ ਵਾਲੇ ਭਾਗਾਂ 'ਤੇ ਹੀ।
- ਧੋਤੇ ਜਾਣ ਤੋਂ ਪਹਿਲਾਂ ਇਲਾਜ ਨੂੰ ਘੱਟੋ ਘੱਟ 12 ਘੰਟਿਆਂ ਵਾਸਤੇ ਲੱਗਾ ਰਹਿਣ ਦੇਣਾ ਚਾਹੀਦਾ ਹੈ।
- ਜਦ ਤੁਸੀਂ ਆਪਣੇ ਹੱਥਾਂ ਨੂੰ ਧੋਂਦੇ ਹੋ ਤਾਂ ਇਸਦੇ ਬਾਅਦ ਇਲਾਜ ਨੂੰ ਆਪਣੇ ਹੱਥਾਂ 'ਤੇ ਮੁੜ ਲਗਾ ਲਓ।
- ਪਹਿਲੀ ਵਾਰ ਦਵਾਈ ਲਗਾਏ ਜਾਣ ਦੇ ਬਾਅਦ ਆਂਡਿਆਂ ਵਿੱਚੋਂ ਨਿਕਲੇ ਕੀਟਾਂ ਨੂੰ ਮਾਰਨ ਲਈ ਦੋ ਵਾਰ ਇਲਾਜ ਜਰੂਰੀ ਹੈ ਜਿੰਨ੍ਹਾਂ ਵਿਚਕਾਰ ਇੱਕ ਹਫਤੇ ਦੀ ਵਿੱਥ ਹੋਵੇ।
- ਬਿਸਤਰਿਆਂ ਅਤੇ ਕੱਪੜਿਆਂ ਦੀ ਸਾਧਾਰਨ ਧੁਆਈ ਕੀਟਾਂ ਨੂੰ ਸਮਾਪਤ ਕਰ ਦੇਵੇਗੀ।
- ਇਲਾਜ ਤੋਂ ਪਹਿਲਾਂ ਨਹਾਉਣਾ ਜਰੂਰੀ ਨਹੀਂ ਹੈ।

ਜੇ ਖੁਰਕ ਇਲਾਜ ਪ੍ਰਤੀ ਪ੍ਰਤੀਰੋਧਤਾ ਦਿਖਾਉਂਦੀ ਹੈ ਜਾਂ ਜੇ ਇਹ ਪੇਪੜੀਦਾਰ ਕਿਸਮ ਦੀ ਹੈ ਤਾਂ ਹੋ ਸਕਦਾ ਹੈ ਇੱਕ ਮੂੰਹ ਰਾਹੀਂ ਲਏ ਜਾਣ ਵਾਲੇ ਇਲਾਜ ਜਿਸਨੂੰ ਆਈਵਰਮੈੱਕਟੀਨ ਕਿਹਾ ਜਾਂਦਾ ਹੈ, ਦੀ ਤਜਵੀਜ਼ ਕੀਤੀ ਜਾਵੇ ਜੋ ਅਕਸਰ ਇੱਕ ਹਫਤੇ ਦੀ ਵਿੱਥ ਨਾਲ ਗੋਲ਼ੀਆਂ ਦੀਆਂ ਦੋ ਖੁਰਾਕਾਂ ਦੇ ਰੂਪ ਵਿੱਚ ਲਿਆ ਜਾਂਦਾ ਹੈ।

ਅੰਤ ਵਿੱਚ, ਜੇ ਤੁਸੀਂ ਕਿਸੇ ਜਿਣਸੀ ਸਾਥੀ ਤੋਂ ਖੁਰਕ ਲੈ ਬੈਠਦੇ ਹੋ ਤਾਂ ਹੋ ਸਕਦਾ ਹੈ ਤੁਹਾਡਾ ਡਾਕਟਰ ਹੋਰਨਾਂ ਬਿਮਾਰੀਆਂ ਦੀ ਮੌਜੂਦਗੀ ਦੀ ਜਾਂਚ ਕਰਨੀ ਚਾਹੇ ਜੋ ਉਸੇ ਸਮੇਂ ਲੱਗ ਗਈਆਂ ਹੋ ਸਕਦੀਆਂ ਹਨ।

**ਮੈਂ ਕੀ ਕਰ ਸਕਦਾ/ਦੀ ਹਾਂ?**

ਜੇ ਤੁਸੀਂ ਤੁਹਾਨੂੰ ਦਿੱਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਰਦੇ ਹੋ ਤਾਂ ਤੁਸੀਂ ਸਫਲਤਾ ਨਾਲ ਆਪਣੀ ਖੁਰਕ ਨੂੰ ਸਮਾਪਤ ਕਰ ਦੇਵੋਂਗੇ। ਤੁਹਾਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਡੇ ਸਾਰੇ ਨਜ਼ਦੀਕੀ ਸੰਪਰਕ ਉਸੇਂ ਸਮੇਂ ਇਲਾਜ ਦੀ ਵਰਤੋਂ ਕਰਨ ਜਦੋਂ ਤੁਸੀਂ ਕਰਦੇ ਹੋ। ਬਦਕਿਸਮਤੀ ਨਾਲ, ਖੁਰਕ ਦੀ ਛੂਤ ਦੁਬਾਰਾ ਲੱਗ ਜਾਣੀ ਬੇਹੱਦ ਆਮ ਗੱਲ ਹੈ।

4 Fitzroy Square, London W1T 5HQ
Tel: 020 7383 0266   Fax: 020 7388 5263   e-mail: admin@bad.org.uk
Registered Charity No. 258474

**ਖੁਰਕ ਬਾਰੇ ਵਧੇਰੇ ਜਾਣਕਾਰੀ ਮੈਂ ਕਿੱਥੋਂ ਪ੍ਰਾਪਤ ਕਰ ਸਕਦਾ/ਦੀ ਹਾਂ?**

*ਇੰਟਰਨੈੱਟ 'ਤੇ:*

www.emedicine.com/emerg/topic517.htm
www.aad.org/pamphlets/Scabies.html
www.medinfo.co.uk/conditions/scabies.html

**ਇਸ ਕਿਤਾਬਚੇ ਦਾ ਟੀਚਾ ਵਿਸ਼ੇ ਬਾਰੇ ਸਟੀਕ ਜਾਣਕਾਰੀ ਪ੍ਰਦਾਨ ਕਰਾਉਣਾ ਹੈ ਅਤੇ ਇਹ ਬ੍ਰਿਟਿਸ਼ ਐਸੋਸੀਏਸ਼ਨ ਆਫ ਡਰਮਾਟੋਲਜਿਸਟਜ ਦੇ ਪ੍ਰਤੀਨਿਧਾਂ ਦੇ ਵਿਚਾਰਾਂ ਦੀ ਇੱਕਮਤਤਾ ਦਾ ਸਾਰ ਹੈ: ਪਰ ਇਸਦੇ ਅੰਸ਼, ਕਦੇ ਕਦਾਈਂ ਤੁਹਾਡੇ ਡਾਕਟਰ ਵੱਲੋਂ ਦਿੱਤੀ ਸਲਾਹ ਤੋਂ ਭਿੰਨ ਭਿੰਨ ਹੋ ਸਕਦੇ ਹਨ।**

*ਇਸ ਕਿਤਾਬਚੇ ਦਾ (ਅੰਗਰੇਜ਼ੀ ਵਿੱਚ) ਪੜ੍ਹਨਯੋਗਤਾ ਵਾਸਤੇ ਮੁਲਾਂਕਣ, ਬ੍ਰਿਟਿਸ਼ ਐਸੋਸੀਏਸ਼ਨ ਆੱਫ ਡਰਮਾਟੋਲਜਿਸਟਜ ਦੇ ਪੇਸ਼ੈਂਟ ਇਨਫਰਮੇਸ਼ਨ ਲੇ ਰੀਵਿਊ ਪੈਨਲ ਦੁਆਰਾ ਕੀਤਾ ਗਿਆ ਹੈ*

**ਬ੍ਰਿਟਿਸ਼ ਐਸੋਸੀਏਸ਼ਨ ਆੱਫ ਡਰਮਾਟੋਲਜਿਸਟਜ**

**ਮਰੀਜ਼ ਜਾਣਕਾਰੀ ਕਿਤਾਬਚਾ**

**ਪ੍ਰਕਾਸ਼ਤ ਅਗਸਤ 2004**

**ਨਵੀਨਤਮ ਕੀਤਾ ਮਈ 2010**

4 Fitzroy Square, London W1T 5HQ
Tel: 020 7383 0266   Fax: 020 7388 5263   e-mail: admin@bad.org.uk
Registered Charity No. 258474